[hospital_logo]

# ਪ੍ਰਤੀਭਾਗੀ ਲਈ ਸੂਚਨਾ ਸ਼ੀਟ

ਸੰਸਕਰਣ 2.4 27 ਜੁਲਾਈ 2020

ਸਥਾਨਕ ਮੁੱਖ ਜਾਂਚਕਰਤਾ: [local_lead_investigator_name]

ਮੁੱਖ ਨਿਰੀਖਕ: ਡਾ ਜੇ ਕੇ ਬੇਅਲੀ (JK Baillie), ਯੂਨੀਵਰਸਿਟੀ ਆਫ਼ ਐਡਿਨਬਰਾ (University of Edinburgh)

## ਜਾਣ ਪਛਾਣ

ਮਾਪਿਆਂ ਅਤੇ ਦੇਖਭਾਲਕਰਤਾਵਾਂ ਨੂੰ ਉਨ੍ਹਾਂ ਦੇ ਬੱਚਿਆਂ ਦੇ ਨਾਲ ਇਸ ਸੂਚਨਾ ਨੂੰ ਪੜ੍ਹਨ ਲਈ ਕਿਹਾ ਜਾਂਦਾ ਹੈ। ਜੇ ਤੁਹਾਨੂੰ ਜਾਂ ਤੁਹਾਡੇ ਬੱਚੇ ਕੋਲ ਕਿਸੇ ਤਰ੍ਹਾਂ ਦੇ ਪ੍ਰਸ਼ਨ ਹਨ ਤਾਂ ਕਿਰਪਾ ਕਰਕੇ ਅਧਿਐਨ ਦੇ ਸਟਾਫ਼ ਨੂੰ ਪੁੱਛੋ।

## ਅਧਿਐਨ ਕਿਸ ਬਾਰੇ ਹੈ?

ਅਸੀਂ ਇਹ ਪਤਾ ਲਗਾਉਣਾ ਚਾਹੁੰਦੇ ਹਾਂ ਕਿ ਜਦੋਂ ਕੁਝ ਲੋਕਾਂ ਨੂੰ ਲਾਗ (ਉਦਾਹਰਣ ਦੇ ਤੌਰ 'ਤੇ, ਫਲੂ) ਜਾਂ ਬਹੁਤ ਜ਼ਿਆਦਾ ਸੱਟ ਲੱਗਦੀ ਹੈ ਤਾਂ ਉਹ ਦੂਜਿਆਂ ਦੇ ਮੁਕਾਬਲੇ ਜ਼ਿਆਦਾ ਗੰਭੀਰਤਾ ਨਾਲ ਬਿਮਾਰ ਕਿਉਂ ਹੁੰਦੇ ਹਨ?

ਸਾਡਾ ਸਰੀਰ ਛੋਟੇ-ਛੋਟੇ ਨਿਰਮਾਣਕਾਰੀ ਬਲਾਕਾਂ ਜਿਨ੍ਹਾਂ ਨੂੰ ਸੈੱਲ ਕਿਹਾ ਜਾਂਦਾ ਹੈ, ਦਾ ਬਣਿਆ ਹੈ, ਅਤੇ ਕੀ ਕਰਨਾ ਹੈ ਇਸ ਬਾਰੇ ਸੈੱਲਾਂ ਨੂੰ ਡੀ ਐਨ ਏ (DNA) ਵੱਜੋਂ ਜਾਣੀ ਜਾਂਦੀ ਇਕ ਚੀਜ਼ ਦੁਆਰਾ ਦੱਸਿਆ ਜਾਂਦਾ ਹੈ, ਇਹ ਹਦਾਇਤਾਂ ਦੀ ਉਸ ਲੰਬੀ ਸੂਚੀ ਦੀ ਤਰ੍ਹਾਂ ਕੰਮ ਕਰਦੀ ਹੈ ਜੋ ਤੁਹਾਨੂੰ ਉਸ ਤਰ੍ਹਾਂ ਦਾ ਬਣਾਉਂਦੀਆਂ ਹਨ ਜਿਸ ਤਰ੍ਹਾਂ ਦੇ ਤੁਸੀਂ ਹੋ। ਇਨ੍ਹਾਂ ਹਦਾਇਤਾਂ ਵਿਚੋਂ ਇਕ ਹਦਾਇਤ ਇਹ ਹੈ ਕਿ ਕੁਝ ਲੋਕ ਦੂਜਿਆਂ ਦੇ ਮੁਕਾਬਲੇ ਜ਼ਿਆਦਾ ਬੁਰੀ ਤਰ੍ਹਾਂ ਬਿਮਾਰ ਕਿਉਂ ਹੁੰਦੇ ਹਨ। ਇਸ ਇਕ ਹਦਾਇਤ ਦਾ ਪਤਾ ਲਗਾਉਣਾ ਹਮੇਸ਼ਾਂ ਆਸਾਨ ਨਹੀਂ ਹੁੰਦਾ ਕਿਉਂਕਿ ਸੂਚੀ ਬਹੁਤ ਲੰਬੀ ਅਤੇ ਗੁੰਝਲਦਾਰ ਹੁੰਦੀ ਹੈ, ਪਰ ਬਹੁਤ ਸਾਰੇ ਲੋਕਾਂ ਦੇ ਡੀ ਐਨ ਏ (DNA) ਨੂੰ ਦੇਖ ਕੇ ਅਸੀਂ ਉਸ ਹਦਾਇਤ ਦਾ ਪਤਾ ਲਗਾ ਸਕਦੇ ਹਾਂ। ਜੇ ਅਸੀਂ ਹਦਾਇਤ ਦਾ ਪਤਾ ਲਗਾ ਲੈਂਦੇ ਹਾਂ, ਅਸੀਂ ਆਸ ਕਰਦੇ ਹਾਂ ਕਿ ਇਹ ਉਨ੍ਹਾਂ ਲੋਕਾਂ ਲਈ ਵਧੀਆ ਇਲਾਜਾਂ ਦਾ ਪਤਾ ਲਗਾਉਣ ਵਿਚ ਮਦਦ ਕਰੇਗੀ ਜੋ ਅਸਲ ਵਿਚ ਬਹੁਤ ਬੁਰੀ ਤਰ੍ਹਾਂ ਬਿਮਾਰ ਹੁੰਦੇ ਹਨ।

## ਇਸਦਾ ਮੇਰੇ ਲਈ ਕੀ ਮਤਲਬ ਹੈ?

ਤੁਹਾਡੇ ਡੀ ਐਨ ਏ (DNA) ਨੂੰ ਦੇਖਣ ਲਈ ਸਾਨੂੰ ਤੁਹਾਡੇ ਤੋਂ ਇਕ ਛੋਟਾ ਜਿਹਾ ਨਮੂਨਾ ਲੈਣ ਦੀ ਲੋੜ ਪਵੇਗੀ। ਅਸੀਂ ਥੋੜ੍ਹਾ ਜਿਹਾ ਖ਼ੂਨ ਲਵਾਂਗੇ (ਇਸਨੂੰ ਉਸ ਲਾਇਨ ਤੋਂ ਲਿਆ ਜਾਵੇਗਾ ਜੋ ਤੁਹਾਡੇ ਇਲਾਜ ਲਈ ਪਹਿਲਾਂ ਹੀ ਉੱਥੇ ਹੈ, ਇਸ ਲਈ ਇਹ ਤੁਹਾਨੂੰ ਜ਼ਖਮ ਨਹੀਂ ਕਰੇਗਾ) ਅਸੀਂ 2 ਛੋਟੇ ਚਮਚ ਤੋਂ ਘੱਟ ਖ਼ੂਨ ਲਵਾਂਗੇ। ਤੁਹਾਡੇ ਭਾਰ ਉੱਪਰ ਨਿਰਭਰ ਕਰਨ ਅਨੁਸਾਰ ਅਸੀਂ ਉਸ ਤੋਂ ਕਿਤੇ ਘੱਟ ਨਮੂਨਾ ਲੈ ਸਕਦੇ ਹਾਂ। ਜੇ ਤੁਸੀਂ ਆਪਣੇ ਖ਼ੂਨ ਦਾ ਨਮੂਨਾ ਨਹੀਂ ਦੇ ਸਕਦੇ, ਅਸੀਂ ਤੁਹਾਡੀ ਲਾਰ (ਥੁੱਕ) ਦਾ ਇਕ ਨਮੂਨਾ ਲਵਾਂਗੇ। ਇਹ ਜ਼ਖਮ ਨਹੀਂ ਕਰੇਗਾ। ਅਸੀਂ ਤੁਹਾਡੇ ਮੈਡੀਕਲ ਰਿਕਾਰਡਾਂ (ਜਿਨ੍ਹਾਂ ਵਿਚ ਤੁਹਾਡੇ ਬਾਰੇ ਕੁਝ ਤੱਥ ਹੁੰਦੇ ਹਨ ਅਤੇ ਕੋਈ ਵੀ ਬਿਮਾਰੀ ਜਿਸ ਬਾਰੇ ਤੁਸੀਂ ਡਾਕਟਰ ਨੂੰ ਮਿਲੇ ਹੋ, ਸ਼ਾਮਲ ਹੁੰਦੀ ਹੈ) ਨੂੰ ਵੀ ਦੇਖਣਾ ਚਾਹਵਾਂਗੇ।

## ਕੀ ਮੇਰਾ ਭਾਗ ਲੈਣਾ ਜ਼ਰੂਰੀ ਹੈ?

ਨਹੀਂ। ਇਹ ਨਿਰਣਾ ਕਰਨਾ ਤੁਹਾਡੇ ਅਤੇ ਤੁਹਾਡੇ ਮਾਪਿਆਂ ਉੱਪਰ ਨਿਰਭਰ ਕਰਦਾ ਹੈ ਕਿ ਕੀ ਤੁਹਾਨੂੰ ਭਾਗ ਲੈਣਾ ਚਾਹੀਦਾ ਹੈ। ਜੇ ਤੁਸੀਂ ਸ਼ਾਮਲ ਨਹੀਂ ਹੋਣਾ ਚਾਹੁੰਦੇ ਤਾਂ ਤੁਹਾਡੇ ਲਈ ਭਾਗ ਲੈਣਾ ਜ਼ਰੂਰੀ ਨਹੀਂ ਹੈ। ਕਿਸੇ ਵੀ ਵਿਕਲਪ ਨੂੰ ਚੁਣਨ 'ਤੇ, ਡਾਕਟਰ ਅਤੇ ਨਰਸਾਂ ਫਿਰ ਵੀ ਤੁਹਾਡਾ ਧਿਆਨ ਰੱਖਣਗੇ।

## ਨਮੂਨਿਆਂ ਦਾ ਕੀ ਕੀਤਾ ਜਾਵੇਗਾ?

ਅਸੀਂ ਤੁਹਾਡੇ ਨਮੂਨੇ ਤੋਂ ਡੀ ਐਨ ਏ (DNA) ਲਵਾਂਗੇ ਅਤੇ ਸਭ ਤੋਂ ਵਧੀਆ ਨਤੀਜਿਆਂ ਨੂੰ ਪ੍ਰਾਪਤ ਕਰਨ ਲਈ ਸਾਡੇ ਦੁਆਰਾ ਤੁਹਾਡੇ ਅਤੇ ਦੂਜੇ ਲੋਕਾਂ ਬਾਰੇ ਜਾਣੀ ਜਾਂਦੀ ਜਾਣਕਾਰੀ ਦੀ ਵਰਤੋਂ ਕਰਕੇ, ਇਸਦੀ ਦੂਜੇ ਲੋਕਾਂ ਨਾਲ ਤੁਲਨਾ ਕਰਾਂਗੇ। ਅਸੀਂ ਤੁਹਾਡੇ ਨਮੂਨੇ ਨੂੰ ਵੀ ਰੱਖਣਾ ਚਾਹਵਾਂਗੇ ਤਾਂ ਜੋ ਇਸਨੂੰ ਭਵਿੱਖ ਦੀ ਖੋਜ ਵਿਚ ਵਰਤਿਆ ਜਾ ਸਕੇ। ਤੁਹਾਡੇ ਬਾਰੇ ਸਾਰੀ ਜਾਣਕਾਰੀ ਨੂੰ ਨਿੱਜੀ ਬਣਾ ਕੇ ਰੱਖਿਆ ਜਾਵੇਗਾ।